ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਲੀਗਲ ਸੇਵਾਵਾਂ 905-913-2355
Personal Loan Business Loan Home Line of Credit 905-965-4644
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
12 Beds, 7 Baths For 24 Guests 905-965-4644
ਦੰਦਾਂ ਦੀ ਦੇਖਭਾਲ 647-625-7205

US 'ਚ ਅੰਗਰੇਜ਼ੀ 'ਚ ਮੁਹਾਰਤ ਰੱਖਣ ਵਾਲੇ ਟਰੱਕ ਡਰਾਇਵਰਾਂ ਨੂੰ ਤਰਜ਼ੀਹ

ਵਾਸ਼ਿੰਗਟਨ: ਟਰੰਪ ਪ੍ਰਸ਼ਾਸ਼ਨ ਨੇ ਨਵੇਂ ਸੰਘੀ ਨਿਯਮਾਂ ਦਾ ਖ਼ੁਲਾਸਾ ਕੀਤਾ ਹੈ ਜੋ ਅਮਰੀਕਾ 'ਚ ਕਾਮਰਸ਼ੀਅਲ ਡਰਾਇਵਰ ਲਾਇਸੈਂਸ (CDL) ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਦੇਸ਼ੀ ਨਾਗਰਿਕਾਂ ਦੀ ਯੋਗਤਾ ਨੂੰ ਖ਼ਾਸ ਤੌਰ 'ਤ ਸੀਮਿਤ ਕਰਦੇ ਹਨ। ਇਹ ਕਦਮ ਹਾਲ ਹੀ ਦੇ ਸਾਲਾਂ 'ਚ ਇਸ ਪ੍ਰੋਗਰਾਮ ਦੇ ਸਭ ਤੋਂ ਸਖ਼ਤ ਸੁਧਾਰਾਂ 'ਚੋਂ ਇੱਕ ਹੈ।

ਸੋਧੇ ਹੋਏ ਢਾਂਚੇ ਦੇ ਤਹਿਤ ਸਿਰਫ਼ H-2A (ਆਰਜ਼ੀ ਖੇਤੀਬਾੜੀ ਕਾਮੇ), H-2B (ਆਰਜ਼ੀ ਗ਼ੈਰ-ਖੇਤੀਬਾੜੀ ਕਾਮੇ), ਅਤੇ E-2 (ਸੰਧੀ ਨਿਵੇਸ਼ਕ) ਗ਼ੈਰ-ਪ੍ਰਵਾਸੀ ਵੀਜ਼ਾ ਰੱਖਣ ਵਾਲੇ ਵਿਦੇਸ਼ੀ ਨਾਗਰਿਕ ਹੀ CDL ਲਈ ਐਪਲਾਈ ਕਰਨ ਦੇ ਯੋਗ ਹੋਣਗੇ। ਨਵੇਂ ਨਿਯਮ ਰੁਜ਼ਗਾਰ ਅਧਿਕਾਰ ਦਸਤਾਵੇਜ਼ ਵਾਲੇ ਗ਼ੈਰ-ਨਾਗਰਿਕਾਂ ਨੂੰ ਵਪਾਰਕ ਡਰਾਈਵਿੰਗ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਨ ਦੀ ਇਜਾਜ਼ਤ ਦੇਣ ਪ੍ਰਥਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖ਼ਤਮ ਕਰਦੇ ਹਨ।

ਇਸ ਤੋਂ ਪਹਿਲਾਂ ਵੈਧ ਕੰਮ ਦੇ ਅਧਿਕਾਰ ਵਾਲੇ ਵਿਅਕਤੀ - ਜਿਨ੍ਹਾਂ 'ਚ ਸ਼ਰਣ ਮੰਗਣ ਵਾਲੇ ਸ਼ਰਣਾਰਥੀ, ਡੈਫ਼ਰਡ ਐਕਸ਼ਨ ਫ਼ੌਰ ਚਾਈਲਡਹੁਡ ਅਰਾਈਵਲਜ਼ ਪ੍ਰਾਪਤ ਕਰਨ ਵਾਲੇ ਅਤੇ ਅਸਥਾਈ ਸੁਰੱਖਿਅਤ ਸਥਿਤੀ (TPS) - ਨੂੰ CDL ਲਈ ਐਪਲਾਈ ਕਰਨ ਦੀ ਇਜਾਜ਼ਤ ਸੀ। ਅੱਪਡੇਟ ਕੀਤੀ ਨੀਤੀ ਦੇ ਤਹਿਤ EAD ਨੂੰ ਹੁਣ ਯੋਗਤਾ ਦੇ ਸਬੂਤ ਵਜੋਂ ਸਵੀਕਾਰ ਨਹੀਂ ਕੀਤਾ ਜਾਵੇਗਾ ਜਿਸ ਨਾਲ ਕਾਨੂੰਨੀ ਤੌਰ 'ਤ ਅਧਿਕਾਰਤ ਕਾਮਿਆਂ ਦੀਆਂ ਕਈ ਸ਼੍ਰੇਣੀਆਂ ਲਈ ਪਹੁੰਚ ਕਾਫ਼ੀ ਸਖ਼ਤ ਹੋ ਜਾਵੇਗੀ।

ਫ਼ੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਨਿਸਟ੍ਰੇਸ਼ਨ, ਜਿਸ ਨੇ ਬਦਲਾਅ ਦੀ ਘੋਸ਼ਣਾ ਕੀਤੀ ਸੀ, ਨੇ ਕਿਹਾ ਕਿ ਨਵੇਂ ਨਿਯਮਾਂ ਦਾ ਉਦੇਸ਼ ਸੁਰੱਖਿਆ ਅਤੇ ਪਾਲਣਾ ਸਬੰਧੀ ਚਿੰਤਾਵਾਂ ਨੂੰ ਹੱਲ ਕਰਨਾ ਹੈ। ਏਜੰਸੀ ਦੇ ਅਨੁਸਾਰ 2025 'ਚ ਘੱਟੋ-ਘੱਟ 17 ਵੱਡੇ ਹਾਦਸਿਆਂ 'ਚ ਗ਼ੈਰ-ਨਿਵਾਸੀ CDL ਧਾਰਕ ਸ਼ਾਮਿਲ ਸਨ ਜਿਨ੍ਹਾਂ ਦੀ ਯੋਗਤਾ ਦੀ ਪੂਰੀ ਤਰ੍ਹਾਂ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਸੀ, ਅਤੇ ਜੋ ਸੋਧੇ ਹੋਏ ਮਾਪਦੰਡਾਂ ਤਹਿਤ ਯੋਗ ਨਹੀਂ ਹੁੰਦੇ।

ਫ਼ੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਨਿਸਟ੍ਰੇਸ਼ਨ ਨੇ ਇਹ ਵੀ ਦੋਸ਼ ਲਾਇਆ ਕਿ 30 ਤੋਂ ਵੱਧ ਰਾਜਾਂ ਨੇ ਗ਼ੈਰ-ਕਾਨੂੰਨੀ ਤੌਰ 'ਤ ਗ਼ੈਰ-ਨਿਵਾਸੀ CDL ਜਾਰੀ ਕੀਤੇ ਸਨ ਜੋ ਸੰਘੀ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਨਹੀਂ ਸਨ। ਹਾਲ ਹੀ ਦੇ ਮਹੀਨਿਆਂ 'ਚ ਕਈ ਖ਼ਤਰਨਾਕ ਹਾਈਵੇ ਹਾਦਸੇ - ਜਿਨ੍ਹਾਂ 'ਚ ਹਰਜਿੰਦਰ ਸਿੰਘ, ਜਸ਼ਨਪ੍ਰੀਤ ਸਿੰਘ, ਰਜਿੰਦਰ ਕੁਮਾਰ ਅਤੇ ਕਮਲਪ੍ਰੀਤ ਸਿੰਘ ਵਜੋਂ ਪਛਾਣੇ ਗਏ ਡਰਾਇਵਰ ਸ਼ਾਮਿਲ ਸਨ - ਇਨ੍ਹਾਂ ਸਾਰਿਆਂ ਨੂੰ ਭਾਰਤੀ ਮੂਲ ਦੇ ਦੱਸਿਆ ਗਿਆ ਹੈ ਅਤੇ ਇਨ੍ਹਾਂ ਕੋਲ ਗ਼ੈਰ-ਨਿਵਾਸੀ CDL ਸਨ।

ਫ਼ੈਡਰਲ ਅਧਿਕਾਰੀਆਂ ਨੇ ਇਨ੍ਹਾਂ ਘਟਨਾਵਾਂ ਨੂੰ ਪ੍ਰਮਾਣਿਕਤਾ ਅਤੇ ਨਿਗਰਾਨੀ ਪ੍ਰਕਿਰਿਆਵਾਂ 'ਚ ਪ੍ਰਣਾਲੀਗਤ ਕਮਜ਼ੋਰੀਆਂ ਨੂੰ ਦਰਸਾਉਣ ਵਾਲੀਆਂ ਉਦਾਹਰਣਾਂ ਵਜੋਂ ਦਰਸਾਇਆ ਕੀਤਾ। ਨਵੇਂ ਨਿਯਮਾਂ ਦੇ ਤਹਿਤ ਰਾਜ ਦੀਆਂ ਮੋਟਰ ਵਹੀਕਲ ਏਜੰਸੀਆਂ ਲਈ ਹੁਣ ਵਪਾਰਕ ਲਾਇਸੈਂਸ ਜਾਰੀ ਕਰਨ ਤੋਂ ਪਹਿਲਾਂ ਸਿਸਟਮੈਟਿਕ ਏਲੀਅਨ ਵੈਰੀਫ਼ਿਕੇਸ਼ਨ ਫ਼ੌਰ ਐਂਟਾਈਟਲਮੈਂਟਸ ਸਿਸਟਮ ਰਾਹੀਂ ਹਰੇਕ ਵਿਦੇਸ਼ੀ ਬਿਨੈਕਾਰ ਦੀ ਕਾਨੂੰਨੀ ਇਮੀਗ੍ਰੇਸ਼ਨ ਸਥਿਤੀ ਦੀ ਪੁਸ਼ਟੀ ਕਰਨੀ ਲਾਜ਼ਮੀ ਹੈ।ਪ੍ਰਸ਼ਾਸ਼ਨ ਦਾ ਕਹਿਣਾ ਹੈ ਕਿ ਇਹ ਕਦਮ ਯਕੀਨੀ ਬਣਾਏਗਾ ਕਿ ਸਿਰਫ਼ ਯੋਗ ਵੀਜ਼ਾ ਸ਼੍ਰੇਣੀਆਂ ਵਾਲੇ ਵਿਅਕਤੀ ਹੀ ਅਮਰੀਕਾ 'ਚ ਕਾਨੂੰਨੀ ਤੌਰ 'ਤ ਭਾਰੀ ਵਪਾਰਕ ਵਾਹਨ ਚਲਾ ਸਕਣ। ਅਮਰੀਕਾ ਦੇ ਟਰਾਂਸਪੋਰਟੇਸ਼ਨ ਸਕੱਤਰ ਸੀਨ ਡਫ਼ੀ ਨੇ ਇੱਕ ਜਨਤਕ ਬਿਆਨ 'ਚ ਨੀਤੀ ਤਬਦੀਲੀ ਦਾ ਬਚਾਅ ਕਰਦੇ ਹੋਏ ਕਿਹਾ ਕਿ ਪਿਛਲੀਆਂ ਪ੍ਰਥਾਵਾਂ ਨੇ ਲਾਇਸੈਂਸ ਪ੍ਰਣਾਲੀ 'ਚ ਕਮਜ਼ੋਰੀਆਂ ਪੈਦਾ ਕੀਤੀਆਂ ਸਨ।

ਡਫ਼ੀ ਨੇ ਕਿਹਾ, "ਅਮਰੀਕਾ ਨੇ ਖ਼ਤਰਨਾਕ ਵਿਦੇਸ਼ੀ ਡਰਾਇਵਰਾਂ ਨੂੰ ਸਾਡੀ ਟਰੱਕ ਲਾਇਸੈਂਸ ਪ੍ਰਣਾਲੀ ਦੀ ਦੁਰਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਹੈ ਜਿਸ ਨਾਲ ਰਾਹਾਂ 'ਤੇ ਤਬਾਹੀ ਮੱਚੀ ਹੈ। ਹੁਣ ਇਸ ਕਦਮ ਨਾਲ ਅਯੋਗ ਵਿਦੇਸ਼ੀ ਡਰਾਇਵਰ 80 ਹਜ਼ਾਰ ਪਾਊਂਡਜ਼ ਦਾ ਵੱਡਾ ਰਿਗ ਚਲਾਉਣ ਲਈ ਲਾਇਸੈਂਸ ਪ੍ਰਾਪਤ ਨਹੀਂ ਕਰ ਸਕਣਗੇ।" ਡਫ਼ੀ ਨੇ ਇਹ ਵੀ ਸੰਕੇਤ ਦਿੱਤਾ ਕਿ ਪ੍ਰਸ਼ਾਸ਼ਨ ਵਪਾਰਕ ਡਰਾਇਵਰਾਂ ਲਈ ਮੌਜੂਦਾ ਅੰਗਰੇਜ਼ੀ-ਭਾਸ਼ਾ ਦੀ ਮੁਹਾਰਤ ਦੀਆਂ ਜ਼ਰੂਰਤਾਂ ਨੂੰ ਲਾਗੂ ਕਰਨ 'ਚ ਤੇਜ਼ੀ ਲਿਆਏਗਾ।

ਨਵੇਂ ਨਿਯਮਾਂ ਦੇ ਸਮਰਥਕਾਂ ਦਾ ਤਰਕ ਹੈ ਕਿ ਬਦਲਾਅ ਹਾਈਵੇ ਸੁਰੱਖਿਆ ਨੂੰ ਮਜ਼ਬੂਤ ਕਰਨਗੇ, ਰਾਜਾਂ 'ਚ ਪਾਲਣਾ ਨੂੰ ਮਿਆਰੀ ਬਣਾਉਣਗੇ, ਅਤੇ CDL ਜਾਰੀ ਕਰਨ ਦੀ ਪ੍ਰਕਿਰਿਆ 'ਚ ਪਾਰਦਰਸ਼ਤਾ ਬਹਾਲ ਕਰਨਗੇ। ਹਾਲਾਂਕਿ, ਆਲੋਚਕਾਂ ਦਾ ਕਹਿਣਾ ਹੈ ਕਿ ਇਹ ਉਪਾਅ ਟਰੱਕਿੰਗ ਉਦਯੋਗ 'ਚ ਡਰਾਇਵਰਾਂ ਦੀ ਚੱਲ ਰਹੀ ਕਮੀ ਨੂੰ ਹੋਰ ਵਧਾ ਸਕਦੇ ਹਨ ਅਤੇ ਪ੍ਰਵਾਸੀ ਭਾਈਚਾਰਿਆਂ ਨੂੰ ਅਸਪੱਸ਼ਟ ਰੂਪ 'ਚ ਪ੍ਰਭਾਵਿਤ ਕਰ ਸਕਦੇ ਹਨ ਜੋ ਅਮਰੀਕਾ 'ਚ ਕੰਮ ਕਰਨ ਲਈ ਕਾਨੂੰਨੀ ਤੌਰ 'ਤੇ ਅਧਿਕਾਰਿਤ ਹਨ।

ਵਿਦੇਸ਼ ਬੈਠੇ ਪੁੱਤ ਲਈ ਮਾਂ ਬਣੀ ਜਾਸੂਸ

ਕੋਟਕਪੂਰਾ: ਫ਼ਰੀਦਕੋਟ ਜ਼ਿਲ੍ਹੇ 'ਚ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ ਜਿਸ ਨੇ ਸਾਰਿਆਂ ਨੂੰ ਹੈਰਾਨ ਕਰ ਦਿਤਾ ਹੈ। ਇੱਥੇ ਇੱਕ ਮਾਂ ਵਲੋਂ ਆਪਣੇ ਵਿਦੇਸ਼ ਬੈਠੇ ਪੁੱਤ ਨਾਲ ਮਿਲ ਕੇ ਫ਼ਿਰੌਤੀ ਦਾ ਰੈਕੇਟ ਚਲਾਉਣ ਦਾ ਖ਼ੁਲਾਸਾ ਹੋਇਆ ਹੈ। ਪੁਲੀਸ ਜਾਂਚ ਮੁਤਾਬਿਕ ਇਹ ਔਰਤ ਇਲਾਕੇ ਦੇ ਅਮੀਰ ਵਪਾਰੀਆਂ ਦੀ ਪਛਾਣ ਕਰਦੀ ਸੀ, ਅਤੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਅਪਣੇ ਪੁੱਤ ਨੂੰ ਭੇਜਦੀ ਸੀ ਤਾਂ ਜੋ ਉਹ ਵਿਦੇਸ਼ ਤੋਂ ਉਨ੍ਹਾਂ ਨੂੰ ਧਮਕਾ ਸਕੇ।

ਥਾਣਾ ਸਾਦਿਕ ਦੀ ਪੁਲੀਸ ਨੇ ਇਸ ਮਾਮਲੇ 'ਚ ਪਰਮਜੀਤ ਕੌਰ, ਉਸ ਦੇ ਵਿਦੇਸ਼ ਰਹਿੰਦੇ ਪੁੱਤ ਹਰਮਨਪ੍ਰੀਤ ਸਿੰਘ ਉਰਫ਼ ਹਾਮੀ ਅਤੇ ਉਨ੍ਹਾਂ ਦੇ ਇੱਕ ਸਾਥੀ ਸੋਨੂੰ ਸਿੰਘ ਵਿਰੁੱਧ ਮਾਮਲਾ ਦਰਜ ਕੀਤਾ ਹੈ। ਜਾਂਚ 'ਚ ਸਾਹਮਣੇ ਆਇਆ ਕਿ ਪਰਮਜੀਤ ਕੌਰ ਸਥਾਨਕ ਬਾਜ਼ਾਰਾਂ 'ਚ ਜਾ ਕੇ ਦੁਕਾਨਾਂ ਦੇ ਬਾਹਰ ਲੱਗੇ ਬੋਰਡਾਂ ਤੋਂ ਮਾਲਕਾਂ ਦੇ ਨਾਮ ਅਤੇ ਮੋਬਾਇਲ ਨੰਬਰ ਨੋਟ ਕਰਦੀ ਸੀ। ਇੰਨਾ ਹੀ ਨਹੀਂ, ਉਹ ਵਪਾਰੀਆਂ ਦੇ ਪਰਿਵਾਰਾਂ ਬਾਰੇ ਵੀ ਗੁਪਤ ਜਾਣਕਾਰੀ ਇਕੱਠੀ ਕਰਦੀ ਸੀ।

ਇਹ ਸਾਰੀ ਜਾਣਕਾਰੀ ਉਹ ਅਪਣੇ ਪੁੱਤਰ ਹਰਮਨਪ੍ਰੀਤ ਨੂੰ ਭੇਜਦੀ ਸੀ ਜੋ ਅੱਗੇ ਇੰਟਰਨੈਸ਼ਨਲ ਵ੍ਹਾਟਸਐਪ ਨੰਬਰਾਂ ਰਾਹੀਂ ਇਨ੍ਹਾਂ ਵਪਾਰੀਆਂ ਨੂੰ ਫ਼ੋਨ ਕਰ ਕੇ ਲੱਖਾਂ ਰੁਪਏ ਦੀ ਮੰਗ ਕਰਦਾ ਸੀ। ਪੀੜਤਾਂ ਨੂੰ ਡਰਾਉਣ ਲਈ ਉਹ ਉਨ੍ਹਾਂ ਦੇ ਬੱਚਿਆਂ ਅਤੇ ਪਰਿਵਾਰਕ ਮੈਂਬਰਾਂ ਬਾਰੇ ਅਜਿਹੀਆਂ ਗੱਲਾਂ ਕਰਦਾ ਸੀ ਜਿਨ੍ਹਾਂ ਨਾਲ ਵਪਾਰੀ ਸਹਿਮ ਜਾਂਦੇ ਸਨ ਕਿ ਕੋਈ ਉਨ੍ਹਾਂ ਦੀ ਪਲ-ਪਲ ਦੀ ਖ਼ਬਰ ਰੱਖ ਰਿਹਾ ਹੈ। ਇਸ ਗੋਰਖਧੰਦੇ ਦਾ ਪਰਦਾਫ਼ਾਸ਼ ਓਦੋਂ ਹੋਇਆ ਜਦੋਂ ਸਾਦਿਕ ਦੇ ਇੱਕ ਕਪੜਾ ਵਪਾਰੀ ਜਸਵਿੰਦਰ ਸਿੰਘ ਨੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ।

ਜਸਵਿੰਦਰ ਨੂੰ ਇੱਕ ਵਿਦੇਸ਼ੀ ਨੰਬਰ ਤੋਂ ਫ਼ੋਨ ਆਇਆ ਸੀ ਜਿਸ 'ਚ 80 ਲੱਖ ਰੁਪਏ ਦੀ ਫ਼ਿਰੌਤੀ ਮੰਗੀ ਗਈ ਸੀ। ਧਮਕੀ ਦੇਣ ਵਾਲੇ ਨੇ ਇਹ ਵੀ ਦਸਿਆ ਕਿ ਉਸ ਨੂੰ ਪਤਾ ਹੈ ਕਿ ਜਸਵਿੰਦਰ ਦਾ ਲੜਕਾ ਕਿੱਥੇ ਪੜ੍ਹਦਾ ਹੈ। ਪੁਲੀਸ ਨੇ ਜਦੋਂ ਤਕਨੀਕੀ ਜਾਂਚ ਕੀਤੀ ਅਤੇ ਡਿਜੀਟਲ ਫ਼ੁਟਪ੍ਰਿੰਟਸ ਨੂੰ ਟਰੇਸ ਕੀਤਾ ਤਾਂ ਤਾਰਾਂ ਪਰਮਜੀਤ ਕੌਰ ਅਤੇ ਉਸ ਦੇ ਪੁੱਤਰ ਨਾਲ ਜਾ ਜੁੜੀਆਂ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਂ ਦੁਕਾਨਾਂ ਦੇ ਬੋਰਡਾਂ ਰਾਹੀਂ ਜਾਣਕਾਰੀ ਇਕੱਠੀ ਕਰ ਕੇ ਵਪਾਰੀਆਂ 'ਚ ਦਹਿਸ਼ਤ ਫ਼ੈਲਾਉਣ ਦਾ ਆਧਾਰ ਤਿਆਰ ਕਰਦੀ ਸੀ। ਫ਼ਿਲਹਾਲ ਪੁਲੀਸ ਨੇ ਕੇਸ ਦਰਜ ਕਰ ਲਿਆ ਹੈ ਅਤੇ ਇਸ ਗਿਰੋਹ ਦੇ ਹੋਰ ਸਥਾਨਕ ਸਾਥੀਆਂ ਨੂੰ ਫ਼ੜਨ ਲਈ ਛਾਪੇਮਾਰੀ ਜਾਰੀ ਹੈ।

ਅਮਰੀਕਾ 'ਚ ਸਿੱਖ ਵਿਦਿਆਰਥੀ 'ਤੇ ਹਮਲਾ

ਸੈਨ ਫ਼ਰੈਂਸਿਸਕੋ: ਸੈਨ ਹੋਜ਼ੇ ਸਟੇਟ ਯੂਨੀਵਰਸਿਟੀ (ਕੈਲੇਫ਼ੋਰਨੀਆ) 'ਚ ਪਿਛਲੇ ਹਫ਼ਤੇ ਸਵੇਰੇ ਪੰਜ ਲੋਕਾਂ ਨੇ ਇੱਕ ਸਿੱਖ ਵਿਦਿਆਰਥੀ ਨੂੰ ਜ਼ਮੀਨ 'ਤੇ ਸੁੱਟ ਕੇ ਉਸ ਦੀ ਪੱਗ ਉਤਾਰ ਦਿੱਤੀ, ਅਤੇ ਉਸ ਨੂੰ ਹਿੰਦੂ ਕਹਿ ਕੇ ਗਾਲ੍ਹਾਂ ਕੱਢੀਆਂ। ਸਿੱਖ ਵਿਦਿਆਰਥੀ 'ਤੇ ਹਮਲੇ ਨੇ ਧਾਰਮਿਕ ਨਫ਼ਰਤ ਦੇ ਮਾਮਲੇ ਨੂੰ ਚਰਚਾ 'ਚ ਲਿਆ ਦਿੱਤਾ ਹੈ।

ਹਿੰਦੂ ਵਕਾਲਤ ਸਮੂਹਾਂ ਨੇ ਵੀ ਘਟਨਾ ਦੀ ਨਿੰਦਾ ਕੀਤੀ, ਅਤੇ ਕੈਂਪਸ ਦੀ ਸਖ਼ਤ ਸੁਰੱਖਿਆ ਦੀ ਮੰਗ ਕੀਤੀ। 7 ਫ਼ਰਵਰੀ ਨੂੰ ਵਾਪਰੀ ਇਸ ਘਟਨਾ ਦੀ ਜਾਂਚ ਕੈਂਪਸ ਅਤੇ ਸਥਾਨਕ ਅਧਿਕਾਰੀਆਂ ਦੁਆਰਾ ਇੱਕ ਸੰਭਾਵਿਤ ਨਫ਼ਰਤੀ ਅਪਰਾਧ ਵਜੋਂ ਕੀਤੀ ਜਾ ਰਹੀ ਹੈ।

ਯੂਨੀਵਰਸਿਟੀ ਦੇ ਅਧਿਕਾਰੀਆਂ ਮੁਤਾਬਿਕ ਵਿਦਿਆਰਥੀ 'ਤ ਕਈ ਲੋਕਾਂ ਨੇ ਹਮਲਾ ਕੀਤਾ ਜਿਸ ਨੇ ਉਸ ਨੂੰ ਜ਼ਬਰਦਸਤੀ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਉਸ ਦੀ ਪੱਗ ਪਾੜ ਦਿੱਤੀ। ਹਮਲੇ ਦੇ ਦੌਰਾਨ, ਹਮਲਾਵਰਾਂ ਨੇ ਹਿੰਦੂ ਸ਼ਬਦ ਦੀ ਵਰਤੋਂ ਕੀਤੀ ਜੋ ਪੱਖਪਾਤ ਨਾਲ ਚੱਲਣ ਵਾਲੀ ਭਾਸ਼ਾ ਨਾਲ ਜੋੜੀ ਗਈ ਗ਼ਲਤ ਪਛਾਣ ਦੇ ਮਾਮਲੇ ਨੂੰ ਦਰਸਾਉਂਦੀ ਹੈ। ਮੰਨਿਆ ਜਾਂਦਾ ਹੈ ਕਿ ਸ਼ੱਕੀ ਗ਼ੈਰ-ਵਿਦਿਆਰਥੀ ਸਨ, ਅਤੇ ਅਜੇ ਤਕ ਕਿਸੇ ਦੀ ਗ੍ਰਿਫ਼ਤਾਰੀ ਦਾ ਐਲਾਨ ਨਹੀਂ ਕੀਤਾ ਗਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਨਿਗਰਾਨੀ ਫ਼ੁਟੇਜ ਦੀ ਸਮੀਖਿਆ ਕੀਤੀ ਜਾ ਰਹੀ ਹੈ, ਅਤੇ ਗਵਾਹਾਂ ਦੀ ਇੰਟਰਵਿਊ ਕੀਤੀ ਜਾ ਰਹੀ ਹੈ।

ਸਿੱਖ ਕਾਲਜੀਏਟ ਫ਼ੈਡਰੇਸ਼ਨ ਦੀ ਪ੍ਰਧਾਨ ਹਸਮੀਤ ਕੌਰ ਨੇ ਦੱਸਿਆ ਕਿ ਮੋਬਾਇਲ ਵੀਡੀਓ 'ਚ ਹਮਲਾਵਰਾਂ ਵਲੋਂ ਸਿੱਖ ਵਿਦਿਆਰਥੀ ਨੂੰ ਗ਼ਲਤ ਤੌਰ 'ਤੇ ਹਿੰਦੂ ਕਹਿ ਕੇ ਨਿਸ਼ਾਨਾ ਬਣਾਇਆ ਗਿਆ। ਯੂਨੀਵਰਸਿਟੀ ਪ੍ਰਸ਼ਾਸ਼ਨ ਨੇ ਵੀ ਆਪਣੀ ਪਹਿਲੀ ਸੂਚਨਾ 'ਚ ਵਿਦਿਆਰਥੀ ਨੂੰ ਹਿੰਦੂ ਦਰਸਾ ਕੇ ਗ਼ਲਤੀ ਕੀਤੀ ਜਿਸ 'ਤੇ ਉਨ੍ਹਾਂ ਨੇ ਮੁਆਫ਼ੀ ਮੰਗੀ।

ਹਿੰਦੂ ਵਿਦਿਆਰਥੀ ਗਰੁੱਪ ਛੈਓਂ ਨੇ ਇਸ ਹਮਲੇ ਨੂੰ ਹਿੰਦੂਫ਼ੋਬੀਆ ਦਾ ਇੱਕ ਕਲਾਸਿਕ ਕੇਸ ਕਰਾਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਹਿੰਦੂ ਸ਼ਬਦ ਨੂੰ ਗਾਲ੍ਹ ਵਜੋਂ ਵਰਤਣਾ ਸਪੱਸ਼ਟ ਤੌਰ 'ਤੇ ਨਫ਼ਰਤ ਦੀ ਨਿਸ਼ਾਨੀ ਹੈ। CYAN ਨੇ ਯੂਨੀਵਰਸਿਟੀ ਤੋਂ ਤਿੰਨ ਮੁੱਖ ਮੰਗਾਂ ਰੱਖੀਆਂ। ਪਹਿਲੀ, ਹਿੰਦੂਫ਼ੋਬੀਆ ਨੂੰ ਖੁੱਲ੍ਹੇ ਤੌਰ 'ਤੇ ਨਿੰਦਾ ਕਰਨਾ। ਦੂਜੀ, ਹਿੰਦੂ ਅਤੇ ਸਿੱਖ ਵਿਦਿਆਰਥੀਆਂ ਲਈ ਜਾਗਰੂਕਤਾ ਪ੍ਰੋਗਰਾਮ ਸ਼ੁਰੂ ਕਰਨਾ। ਤੀਜੀ, ਪ੍ਰਭਾਵਿਤ ਵਿਦਿਆਰਥੀਆਂ ਲਈ ਟ੍ਰੌਮਾ-ਸਹਾਇਤਾ ਸੇਵਾਵਾਂ ਮੁਹੱਈਆ ਕਰਵਾਉਣਾ।ਉਸ ਘਟਨਾ ਤੋਂ ਬਾਅਦ ਸਿੱਖ ਵਿਦਿਆਰਥੀ ਗਰੁੱਪ ਨੇ ਟਾਊਨ ਹਾਲ ਬੁਲਾਇਆ ਜਿੱਥੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਤੋਂ ਵਧੇਰੇ ਸੁਰੱਖਿਆ ਅਤੇ ਜਵਾਬਦੇਹੀ ਦੀ ਮੰਗ ਕੀਤੀ। ਪੀੜਤ ਵਿਦਿਆਰਥੀ ਦੇ ਭਰਾ ਹਰਸ਼ਦੀਪ ਸਿੰਘ ਨੇ ਕਿਹਾ ਕਿ ਇਹ ਘਟਨਾ ਪਰਿਵਾਰ ਲਈ ਬਹੁਤ ਹੀ ਦੁਖਦਾਈ ਹੈ, ਪਰ ਉਹ ਚਾਹੁੰਦੇ ਹਨ ਕਿ ਹੋਰ ਕਿਸੇ ਨਾਲ ਅਜਿਹਾ ਨਾ ਹੋਵੇ।ਯੂਨੀਵਰਸਿਟੀ ਪੁਲੀਸ ਮੁਖੀ ਮਾਈਕਲ ਕੈਰੋਲ ਨੇ ਦੱਸਿਆ ਕਿ ਜਾਂਚ ਜਾਰੀ ਹੈ ਅਤੇ ਕੈਂਪਸ 'ਚ ਨਿਗਰਾਨੀ ਕੈਮਰੇ ਵਧਾਏ ਜਾ ਰਹੇ ਹਨ। ਇਹ ਮਾਮਲਾ ਨਾ ਸਿਰਫ਼ ਸਿੱਖ ਭਾਈਚਾਰੇ ਲਈ ਸਗੋਂ ਹਿੰਦੂ ਵਿਦਿਆਰਥੀਆਂ ਲਈ ਵੀ ਚਿੰਤਾ ਦਾ ਕਾਰਨ ਬਣ ਗਿਆ ਹੈ।ਚਿਨਾਰਕਾਰਪਸ ਕਸ਼ਮੀਰ ਦੀ ਖੇਡ ਪ੍ਰਤਿਭਾ ਨੂੰ ਪਾਲਣ ਅਤੇ ਰਾਸ਼ਟਰ ਨਿਰਮਾਣ 'ਚ ਉਨ੍ਹਾਂ ਦੇ ਯੋਗਦਾਨ ਨੂੰ ਸੁਚਾਰੂ ਬਣਾਉਣ ਲਈ ਆਪਣੀ ਵਚਨਬੱਧਤਾ 'ਚ ਦ੍ਰਿੜ ਹੈ।

ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਵਕੀਲ ਦੀ ਲੋੜ ? 905-362-0755
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਸਸਤੀਆਂ ਹਵਾਈ ਟਿਕਟਾਂ 905-595-1700

White House Canada
12 Bedrooms, 7 Bathrooms for 24 guests
with a Party Hall for 100 invitees in Brampton

ਇਸ ਘਰ 'ਚ ਉਪਲਬਧ ਹਨ 12 ਬੈਡਰੂਮਜ਼, 2 ਲਿਵਿੰਗ ਰੂਮਜ਼, 7 ਵਾਸ਼ਰੂਮਜ਼, ਫ਼ੁੱਲ ਕਿਚਨ, ਡਾਈਨਿੰਗ ਏਰੀਆ ਅਤੇ ਪਾਰਟੀ ਹਾਲ। ਰਹਿਣ ਲਈ ਕਮਰੇ ਬਰੈਂਪਟਨ ਸਿਟੀ ਦੀਆਂ ਹਿਦਾਇਤਾਂ ਅਨੁਸਾਰ।
The property has 12 bedrooms, 2 living rooms, 7 washrooms (mostly en-suite), full kitchen and dining area . Rooms available according to the city of Brampton guidelines.
Tips For A Hassle Free BIRTHDAY PARTY
Contact 905-965-4644
To Book WHITE HOUSE CANADA
www. whitehousecanada.com

LAW OFFICE AMAN SHARMA
REA